Sagacity: A Multidisciplinary Research Journal ISSN: 2583-7540 Jan -June 2026, Vol. 5, No.1

# ਸੁਰਿੰਦਰ ਗੀਤ ਦੁਆਰਾ ਰਚਿਤ ਕਹਾਣੀ ਸੰਗ੍ਰਹਿ 'ਤੋਹਫ਼ਾ': ਬਿਰਤਾਂਤਕ ਸੰਗਠਨ

**ਡਾ. ਪਰਦੀਪ ਕੌਰ**
ਸਹਾਇਕ ਪ੍ਰੋਫ਼ੈਸਰ
ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ
ਖ਼ਾਲਸਾ ਕਾਲਜ ਫ਼ਾਰ ਵਿਮਨ, ਅੰਮ੍ਰਿਤਸਰ

ਕਿਸੇ ਵੀ ਸਾਹਿਤਕ ਵਿਧਾ ਦੇ ਪਾਠ ਦੀ ਪੜ੍ਹਤ ਸਮੇਂ, ਵਿਸ਼ੇਸ਼ ਤੌਰ 'ਤੇ ਔਰਤ ਸਾਹਿਤਕਾਰ ਦੀ ਲਿਖਤ ਵਿੱਚ ਔਰਤ ਦੀ ਗੱਲ ਤੇ ਜੇ ਲੇਖਕ ਪਰਵਾਸੀ ਹੋਵੇ ਤਾਂ ਪਰਵਾਸ ਦੀ ਗੱਲ ਨੂੰ ਪੜ੍ਹਨ ਤੋਂ ਪੂਰਵ ਹੀ ਸਾਹਿਤਕਾਰ ਦੇ ਵਿਚਾਰਧਾਰਕ ਆਧਾਰ ਨੂੰ ਮਨੋਮਿਥ ਲੈਣਾ, ਉਸ ਕਿਰਤ ਨਾਲ ਸਭ ਤੋਂ ਵੱਡਾ ਅਨਿਆਂ ਕਹਿਣਾ ਅਨੁਚਿਤ ਨਹੀਂ ਹੋਵੇਗਾ। ਜੇ ਸਾਹਿਤਕ ਪਾਠ ਇਸ ਪੂਰਵ ਧਾਰਣਾ ਨੂੰ ਮਿਥ ਕੇ ਨਿਰਖਿਆ ਪਰਖਿਆ ਜਾਵੇਗਾ ਤਾਂ ਅਧਿਐਨ ਕਰਤਾ ਤੋਂ ਨਿਰਪੱਖ ਅਧਿਐਨ ਦੀ ਆਸ ਨਹੀਂ ਕੀਤੀ ਜਾ ਸਕਦੀ।

'ਤੋਹਫ਼ਾ' ਕਹਾਣੀ ਸੰਗ੍ਰਹਿ ਪ੍ਰਸਿੱਧ ਕਵਿਤਰੀ ਸੁਰਿੰਦਰ ਗੀਤ ਦਾ ਪਲੇਠਾ ਕਹਾਣੀ ਸੰਗ੍ਰੀਹ ਹੈ। ਉਹ ਔਰਤ ਸਾਹਿਤਕਾਰ ਵੀ ਹੈ ਤੇ ਲੰਬੇ ਅਰਸੇ ਤੋਂ ਪੰਜਾਬ ਦੀ ਧਰਤੀ ਦੇ ਦੁੱਖ-ਸੁੱਖ, ਰਿਸ਼ਤੇ-ਨਾਤਿਆਂ ਨੂੰ ਹੰਢਾਉਂਦੀ ਹੋਈ ਕੈਨੇਡਾ ਵਰਗੇ ਵਿਕਸਿਤ ਮੁਲਕ ਵਿੱਚ ਰਹਿ ਰਹੀ ਹੈ। ਇਸ ਕਹਾਣੀ ਸੰਗ੍ਰਹਿ ਵਿੱਚ ਲੇਖਕਾ ਦੀਆਂ 17 ਕਹਾਣੀਆਂ ਸ਼ਾਮਲ ਹਨ, ਜਿਨ੍ਹਾਂ ਵਿੱਚ ਪਰਵਾਸ ਤੇ ਔਰਤ ਦੇ ਸੰਘਰਸ਼ ਤੇ ਸ਼ਨਾਖ਼ਤ ਵਰਗੇ ਮਸਲਿਆਂ ਨੂੰ ਛੂਹਣ ਦੇ ਬਾਵਜੂਦ ਲੇਖਕਾ ਦੀ ਮੂਲ ਸੁਰ ਮਾਨਵਵਾਦੀ ਹੈ। ਇਸ ਸੰਗ੍ਰਹਿ ਦੀ ਪਹਿਲੀ ਕਹਾਣੀ 'ਤਾਏ ਕੇ ਚੋਰ ਉਚੱਕੇ ਨਹੀਂ' ਵਿੱਚ ਲੇਖਕਾ ਨੇ ਕੈਨੇਡਾ, ਅਮਰੀਕਾ, ਆਸਟ੍ਰੇਲੀਆ ਆਦਿ ਵਰਗੇ ਦੇਸ਼ਾਂ ਦੇ ਮੂਲ ਨਿਵਾਸੀਆਂ ਨੂੰ ਦਰਪੇਸ਼ ਸੰਕਟ ਨੂੰ ਵੀ ਉਨੀ ਸ਼ਿੱਦਤ ਨਾਲ ਬਿਆਨ ਕੀਤਾ ਹੈ ਜਿੰਨੀ ਸ਼ਿੱਦਤ ਨਾਲ ਉਹ ਪਰਵਾਸੀਆਂ ਦੀਆਂ ਮੁਸ਼ਕਲਾਂ ਜਾਂ ਪਰਵਾਸ ਧਾਰਨ ਕਰਨ ਦੀ ਇੱਛਾ ਰੱਖਣ ਵਾਲੇ ਪਾਤਰਾਂ ਦੀ ਮਾਨਸਿਕਤਾ ਨੂੰ ਪੇਸ਼ ਕਰਦੀ ਹੈ। ਇਹ ਕਹਾਣੀ ਆਰੰਭ ਵਿੱਚ ਵਿਕਸਿਤ ਮੁਲਕ ਦੀ ਚਕਾਚੌਂਧ ਵਿੱਚ ਉਸ ਗਰੀਬ ਮੂਲ ਨਿਵਾਸੀ ਦੇ ਸੰਕਟ ਨੂੰ ਪੇਸ਼ ਕਰਦੀ ਹੈ ਜੋ ਜੀਵਨ ਜਿਊਣ ਦੀਆਂ ਮੁੱਢਲੀਆਂ ਜ਼ਰੂਰਤਾਂ ਤੋਂ ਆਤੁਰ ਹੈ। ਲੇਖਕਾ ਮਾਨਵੀ ਫ਼ਿਤਰਤ ਦੇ ਉਸ ਜਲੌ ਨੂੰ ਪ੍ਰਸਤੁਤ ਕਰਦੀ ਹੈ ਜੋ ਗ਼ਰੀਬੀ ਤੇ

ਬੇਬਸੀ ਵਿੱਚ ਵੀ ਮਾਨਵਤਾ ਦਾ ਤੇ ਸਬਰ-ਸਿਦਕ ਦਾ ਪੱਲਾ ਫੜ ਕੇ ਰੱਖ ਸਕਦਾ ਹੈ। ਕਹਾਣੀ ਮੂਲ ਨਿਵਾਸੀਆਂ ਪ੍ਰਤੀ ਸੰਵੇਦਨਹੀਣ ਧਾਰਨਾ ਬਨਾਮ ਮੂਲ ਨਿਵਾਸੀਆਂ ਦੇ ਵਾਸਤਵਿਕ ਕਿਰਦਾਰ ਵਿਚਲੀ ਵਿੱਥ ਨੂੰ ਪ੍ਰਸਤੁਤ ਕਰਦੀ ਹੈ। ਇੱਕ ਪਾਸੇ ਉਨ੍ਹਾਂ ਨੂੰ ਚੋਰ, ਨਸ਼ੇ-ਪੱਤੇ ਕਰਦੇ, ਸਰਕਾਰ 'ਤੇ ਭਾਰ ਤਸੱਵਰ ਕੀਤਾ ਜਾਂਦਾ ਹੈ ਦੂਜੇ ਪਾਸੇ ਮਾਈਕਲ ਫੋਕਟੈਕ ਵਰਗੇ ਅਤਿ ਦੀ ਗ਼ਰੀਬੀ ਤੇ ਬਿਮਾਰੀ ਦੀ ਹਾਲਤ ਵਿੱਚ ਵੀ ਮੈਂ ਪਾਤਰ ਦੀ ਜੇਬ ਵਿੱਚੋਂ ਡਿੱਗੇ 10 ਡਾਲਰ ਦੇ ਨੋਟ ਨੂੰ ਵਾਪਸ ਕਰਨ ਦਾ ਮਾਦਾ ਰੱਖਦੇ ਹਨ। ਲੇਖਕਾ ਕਹਾਣੀ ਦੇ ਅੰਤ 'ਤੇ ਮਾਨਵਵਾਦੀ ਸੁਨੇਹਾ ਦਿੰਦੀ ਹੈ:

> ਮੈਂ ਅੱਜ ਵੀ ਜਦੋਂ ਕਿਸੇ ਨੇਟਿਵ ਇੰਡੀਅਨ ਨੂੰ ਦੇਖਦੀ ਹਾਂ ਤਾਂ ਮਨ ਹੀ ਮਨ ਆਖਦੀ ਹਾਂ ਕਿ ਇਹ 'ਤਾਏ ਕੇ' ਚੋਰ ਉਚੱਕੇ ਨਹੀਂ ਹਨ। ਇਹ ਹਾਲਾਤ ਦੇ ਝੰਬੇ, ਮਾਰੇ ਕੁੱਟੇ, ਟੁੱਟੇ ਹੋਏ ਇਨਸਾਨ ਹਨ। ਇਹ ਸਾਡੇ ਪਿਆਰ ਅਤੇ ਹਮਦਰਦੀ ਦੇ ਪਾਤਰ ਹਨ।[1]

ਇਹ ਕਹਾਣੀ ਇੱਕ ਖਿੱਤੇ ਦੇ ਮੂਲ ਨਿਵਾਸੀਆਂ ਦੀ ਹੋਂਦ ਦੇ ਸੰਕਟ ਦੇ ਇਰਦ-ਗਿਰਦ ਬਿਰਤਾਂਤ ਉਸਾਰਦੇ ਹੋਏ ਵੀ ਉਸਨੂੰ ਵਿਸ਼ਵੀ ਪਰਿਪੇਖ ਦੇ ਦਿੰਦੀ ਹੈ ਕਿ ਵਿਸ਼ਵ ਦੇ ਕਿਸੇ ਵੀ ਕੋਨੇ ਵਿੱਚ ਰੋਜ਼ੀ ਰੋਟੀ ਦੇ ਵਸੀਲੇ ਜਟਾਉਣ ਵਾਲੇ ਬੇਬਸ, ਲਾਚਾਰ ਤੇ ਹੋਮਲੈਸ ਇਨਸਾਨ ਚੋਰ ਨਹੀਂ ਹੁੰਦੇ, ਉਹ ਥੋੜ੍ਹੇ ਜਿਹੇ ਪਿਆਰ, ਪ੍ਰਵਾਹ ਤੇ ਹਮਦਰਦੀ ਨਾਲ ਜਿਊਣ ਜੋਗੇ ਬਣ ਸਕਦੇ ਹਨ। ਪੰਜਾਬੀ ਸਾਹਿਤ ਵਿੱਚ ਸ਼ਨਾਖ਼ਤ ਦੇ ਮਸਲੇ ਨੂੰ ਕਈ ਕਹਾਣੀਕਾਰਾਂ ਨੇ ਚਿਤਰਿਆ ਹੈ। ਕੁਲਵੰਤ ਸਿੰਘ ਵਿਰਕ ਦੀ ਕਹਾਣੀ 'ਮੈਨੂੰ ਜਾਣਨੈ' ਵਿੱਚ ਇੱਕ ਵਾਰਤਾਲਾਪ ਪਾਤਰ ਦੀ ਜ਼ਿੰਦਗੀ ਬਦਲ ਦਿੰਦਾ ਹੈ। ਲੇਖਕਾ ਦੀ ਇਹ ਕਹਾਣੀ ਵਿਰਕ ਦੀਆਂ ਕਹਾਣੀਆਂ ਵਾਂਗ ਬਦਲਦੀ ਰੌਂ ਨੂੰ ਤਾਂ ਨਹੀਂ ਵਿਖਾਉਂਦੀ ਪਰੰਤੂ ਮਾਨਵ ਜਾਤੀ ਨੂੰ ਸੰਦੇਸ਼ ਦੇਣ ਵਿੱਚ ਸਫ਼ਲ ਹੋ ਜਾਂਦੀ ਹੈ।

ਇਸ ਸੰਗ੍ਰਹਿ ਦੀ ਦੂਜੀ ਕਹਾਣੀ 'ਗਰਮ ਪਾਣੀ' ਅਤੇ ਆਖਰੀ ਕਹਾਣੀ 'ਇੱਕ ਅੰਤ ਇੱਕ ਸ਼ੁਰੂਆਤ' ਵਿੱਚ ਜਿੱਥੇ ਇੱਕ ਪਾਸੇ ਔਰਤ ਦੇ ਸੰਘਰਸ਼ ਉਪਰੰਤ ਉਸਦੀ ਸਮਾਜਕ ਅਤੇ ਮਾਨਸਿਕ ਜੰਗ ਵਿੱਚ ਜਿੱਤ ਵਿਖਾਈ ਹੈ ਦੂਜੇ ਪਾਸੇ ਪਰਵਾਸ ਦੇ ਸਾਕਾਰਾਤਮਕ ਪਹਿਲੂ ਨੂੰ ਉਘਾੜਦੀ ਹੋਈ ਇਹ ਕਹਾਣੀ ਇਹ ਸਿੱਧ ਕਰਨ ਦੀ ਚੇਸ਼ਟਾ ਕਰਦੀ ਹੈ ਕਿ ਪਰਵਾਸ ਅਤੇ ਨੇਕ ਔਲਾਦ ਜੀਵਨ ਦੇ ਸੰਘਰਸ਼ ਨੂੰ ਬਿਹਤਰ ਮੁਕਾਮ ਦੇ ਸਕਦੇ ਹਨ। ਲੇਖਕਾ ਇਸ ਕਹਾਣੀ ਵਿੱਚ ਸਰਵਣ ਦੀ ਮਿਥ ਦਾ ਰੂਪਾਂਤਰਣ ਕਰਦੀ ਹੋਈ ਇਹ ਪ੍ਰਪੱਕ ਕਰਦੀ ਹੈ ਕਿ ਪਰਵਾਸ ਤੇ ਪੈਸੇ ਦੀ ਚਕਾਚੌਂਧ ਸਰਵਣ ਰੂਪੀ ਪੁੱਤ ਦੇ ਆਪਣੀ ਮਾਂ ਪ੍ਰਤੀ ਫ਼ਰਜ਼ਾਂ ਵਿੱਚ ਰੁਕਾਵਟ ਨਹੀਂ ਬਣਦੇ:

"... ਆਹ ਤੁਹਾਡਾ ਸੂਟ ਬਹੁਤ ਸੋਹਣਾ ਹੈ!"

> "ਆਹੋ! ਨੂੰਹ-ਪੁੱਤ ਨੇ ਲਿਆ ਤਾ! ਮੈਨੂੰ ਤਾਂ ਸੰਗ ਆਉਂਦੀ ਸੀ ਪਰ ਨੂੰਹ-ਪੁੱਤ ਨੇ ਪਵਾ ਤਾ। ਅਖੇ ਬਥੇਰੀ ਗ਼ਰੀਬੀ ਕੱਟੀ ਆ ਦੇਸ਼। ਹੁਣ ਮਾਂ ਤੂੰ ਮੌਜ ਕਰ।"[2]

ਗੌਲਣਯੋਗ ਹੈ ਕਿ ਇਸ ਕਹਾਣੀ ਨੂੰ ਛੱਡ ਕੇ ਇਸ ਸੰਗ੍ਰਹਿ ਦੀਆਂ ਸਭ ਕਹਾਣੀਆਂ ਵਿੱਚ ਲੇਖਕਾ ਨੇ ਪੁੱਤਰ ਤੇ ਭਰਾ ਨੂੰ ਨਸ਼ਿਆਂ ਵਿੱਚ ਡੁੱਬੇ, ਮੌਕਾ-ਪ੍ਰਸਤ ਤੇ ਸਵਾਰਥੀ ਵਿਖਾਇਆ ਹੈ, ਜੋ ਔਰਤ ਦੇ ਦੁੱਖਾਂ ਵਿੱਚ ਸਹੁਰੇ ਪਰਿਵਾਰ ਵਾਂਗ ਵਾਧਾ ਕਰਨ ਦਾ ਬਾਇਸ ਬਣਦੇ ਹਨ। ਰੂਪਕ ਪੱਖੋਂ ਇਹ ਕਹਾਣੀ ਮੂਲ ਤੌਰ 'ਤੇ ਪਿਛਲਝਾਤ ਤੇ ਮੌਕਾ-ਮੇਲ ਦੀ ਜੁਗਤ ਨਾਲ ਉਸਾਰੀ ਗਈ ਹੈ।

'ਤੋਹਫ਼ਾ' ਕਹਾਣੀ ਵਿੱਚ ਵੀ ਇਹ ਕਥਾ ਜੁਗਤਾਂ ਪ੍ਰਮੁੱਖਤਾ ਗ੍ਰਹਿਣ ਕਰਦੀਆਂ ਹਨ। ਇਹ ਕਹਾਣੀ ਵੱਖ-ਵੱਖ ਵਿਚਾਰਧਾਰਾਵਾਂ, ਧਰਮਾਂ ਤੇ ਰਹਿਣ-ਸਹਿਣ ਵਿਚਕਾਰਲੇ ਫ਼ਾਸਲਿਆਂ ਅਤੇ ਆਪਸੀ ਤਣਾਉ ਦੇ ਬਾਵਜੂਦ ਇਕੱਠੇ ਵਿਚਰਦੇ ਪਾਤਰਾਂ ਰਾਹੀਂ ਜੀਵਨ ਦੇ ਯਥਾਰਥ ਨੂੰ ਬਹੁਤ ਪ੍ਰਭਾਵੀ ਢੰਗ ਨਾਲ ਸਿਰਜਦੀ ਹੈ। ਜੀਵਨ ਵਿੱਚ ਕਿਸੇ ਵੀ ਹਾਦਸੇ ਦੇ ਵਾਪਰ ਜਾਣ 'ਤੇ ਜੀਵਨ ਦੀ ਚਲਾਇਮਾਨਤਾ ਭੰਗ ਨਹੀਂ ਹੁੰਦੀ। ਕਹਾਣੀ ਵਿਚਲੇ ਦੋ ਪਾਤਰ ਬਲਬੀਰ ਤੇ ਨੀਰੂ ਵਿੱਚ ਤਦ ਤੱਕ ਤਣਾਉ ਰਹਿੰਦਾ ਹੈ ਜਦ ਤਕ ਉਨ੍ਹਾਂ ਨੂੰ ਸਮਾਜਕ, ਪਰਿਵਾਰਕ ਜਾਂ ਆਰਥਿਕ ਸੰਕਟ ਦਾ ਸਾਹਮਣਾ ਨਹੀਂ ਕਰਨਾ ਪਿਆ। ਸ਼ਰਾਬੀ ਮੁੰਡੇ ਨਾਲ ਪਿਆਰ ਕਰਕੇ ਨੀਰੂ ਗਰਭਵਤੀ ਹੋ ਜਾਂਦੀ ਹੈ। ਜਦੋਂ ਉਹ ਪੇਕਿਆਂ ਤੇ ਸਹੁਰਿਆਂ ਤੋਂ ਠੁਕਰਾਈ ਜਾਂਦੀ ਹੈ ਤਾਂ ਉਸਦੀ ਚਿਰਸਥਾਈ ਵਿਰੋਧੀ ਬਲਬੀਰ ਉਸ ਦੇ ਅੰਤਲੇ ਦਿਨਾਂ ਵਿੱਚ ਭਾਵਨਾਤਮਕ ਸਹਾਰਾ ਬਣਦੀ ਹੈ, ਉਸ ਦੀ ਔਲਾਦ ਨੂੰ ਅਪਣਾਉਂਦੀ ਹੈ, ਚੰਗੀ ਪਰਵਰਿਸ਼ ਦਿੰਦੀ ਹੈ, ਉਸ ਲਈ ਸੁਚੱਜੀ ਕੁੜੀ ਦੀ ਭਾਲ ਕਰਦੀ ਹੈ। ਬਲਬੀਰ, ਨੀਰੂ ਤੇ ਉਸਦਾ ਪੁੱਤਰ ਰੋਹਿਤ ਤਿੰਨੇ ਇੱਕ ਦੂਜੇ ਦੀ ਜ਼ਿੰਦਗੀ ਸੰਵਾਰਨ ਵਾਲੇ ਕੁਦਰਤ ਦੁਆਰਾ ਦਿੱਤੇ ਬੇਸ਼ਕੀਮਤੀ ਤੋਹਫ਼ੇ ਬਣ ਜਾਂਦੇ ਹਨ।

> "ਮੈਂ ਹਮੇਸ਼ਾ ਹੀ ਉਸ ਨਾਲ ਲੜਦੀ ਰਹੀ ਤੇ ਉਹ ਮੈਨੂੰ ਦੁਨੀਆਂ ਦੀ ਸਭ ਤੋਂ ਕੀਮਤੀ ਚੀਜ਼, ਆਪਣਾ ਜਾਇਆ ਰੋਹਿਤ ਦੇ ਰੁਖ਼ਸਤ ਹੋ ਗਈ।...
>
> ਮੈਂ ਸੋਚ ਹੀ ਰਹੀ ਸਾਂ ਕਿ ਬਲਬੀਰ ਤੋਂ ਰੋਹਿਤ ਦੇ ਪੂਰੇ ਨਾਮ ਬਾਰੇ ਪੁੱਛਾਂ। ਉਸ ਨੇ ਆਪ ਹੀ ਦੱਸ ਦਿੱਤਾ ਕਿ ਉਹ ਚਾਹੁੰਦੀ ਸੀ ਕਿ ਉਸ ਨੂੰ ਨੀਰੂ ਦੇ ਧਰਮ ਵਾਲਾ ਹੀ ਨਾਮ ਦੇਵੇ। ਇਸ ਕਰਕੇ ਉਸ ਨੇ ਰੋਹਿਤ ਦਾ ਨਾਮ ਰੋਹਿਤ ਭਾਰਦਵਾਜ ਰੱਖ ਦਿੱਤਾ ਤਾਂ ਕਿ ਨੀਰੂ ਦੀ ਰੂਹ ਨੂੰ ਕਿਸੇ ਕਿਸਮ ਦਾ ਦੁੱਖ ਨਾ ਹੋਵੇ।...

> ਅੱਜ-ਕੱਲ੍ਹ ਬਲਬੀਰ ਦੀ ਕਲੀਨਿਕ ’ਤੇ ਮੋਟੇ ਅੱਖਰਾਂ ਵਿੱਚ ਡਾ. ਰੋਹਿਤ ਭੁੱਲਰ ਐੱਮ.ਡੀ. ਲਿਖਿਆ ਹੋਇਆ ਹੈ ਅਤੇ ਬਲਬੀਰ ਉਸ ਵਾਸਤੇ ਇੱਕ ਸੁਚੱਜੀ, ਸੋਹਣੀ ਸੁਨੱਖੀ ਕੁੜੀ ਦੀ ਤਲਾਸ਼ ਕਰ ਰਹੀ ਹੈ।[3]

ਸਮੁੱਚੀ ਕਹਾਣੀ ਵਿਚਾਰਧਾਰਕ ਪੱਧਰ ’ਤੇ ਯਥਾਰਥਮਈ ਹੈ ਤੇ ਵਾਸਤਵਿਕ ਪੱਖ ਤੋਂ ਆਦਰਸ਼ਮਈ।

‘ਕੈਨੇਡਾ ਦੀ ਟਿਕਟ’ ਕਹਾਣੀ ਵਿੱਚ ਲੇਖਕਾ ਨੇ ਜਾਗੀਰੂ ਰੁਚੀਆਂ ਵਾਲੇ ਸਮਾਜਕ ਪ੍ਰਬੰਧ ਵਿੱਚ 21ਵੀਂ ਸਦੀ ਦੇ ਤੀਜੇ ਦਹਾਕੇ ਵਿੱਚ ਕੰਮੀ-ਕਮੀਣਾਂ ਦੀਆਂ ਔਰਤਾਂ ’ਤੇ ਹੁੰਦੇ ਸ਼ੋਸ਼ਣ ਦਾ ਤਲਖ਼ ਯਥਾਰਥ ਪ੍ਰਸਤੁਤ ਕੀਤਾ ਹੈ। ਇਹ ਕਹਾਣੀ ਵਿਅੰਗ ਸਿਰਜਦੀ ਹੈ ਕਿ ਦਲਿਤ ਵੀ ਬਿਹਤਰ ਜੀਵਨ ਦੀ ਤਲਾਸ਼ ਵਿੱਚ ਪਰਵਾਸ ਧਾਰਨ ਕਰਨ ਦਾ ਸੁਪਨਾ ਸਜਾਉਂਦੇ ਹਨ ਤੇ ਉਸ ਸੁਪਨੇ ਦੀ ਪੂਰਤੀ ਲਈ ਕਹਾਣੀ ਦੀ ਪਾਤਰ ਰਾਖੀ ਜਿਸਮਾਨੀ ਸ਼ੋਸ਼ਣ ਸਹਿਣਾ ਵੀ ਕਬੂਲ ਕਰ ਲੈਂਦੀ ਹੈ ਪਰੰਤੂ ਜਦੋਂ ਉਸਦਾ ਸੁਪਨਾ ਯਥਾਰਥ ਨਾਲ ਦੋ ਚਾਰ ਹੁੰਦਾ ਹੈ ਤਾਂ ਉਨ੍ਹਾਂ ਸੁਪਨਿਆਂ ਦੇ ਟੁੱਟਣ ਨਾਲ ਉਹ ਖ਼ੁਦ ਵੀ ਟੁੱਟ ਜਾਂਦੀ ਹੈ:

> “...ਉਹ ਰੋਹਬ ਪਾਉਣ ਦੇ ਲਹਿਜੇ ਵਿੱਚ ਬੋਲਿਆ, “ਜੇ ਏਸ ਤਰ੍ਹਾਂ ਲੋਕ ਜਾਤਾਂ-ਕੁਜਾਤਾਂ ਨੂੰ ਕੈਨੇਡਾ ਮੰਗਵਾਉਣ ਲੱਗੇ ਤਾਂ ਸਰ ਗਿਆ। ਪਾਸਪੋਰਟ ਬਣਵਾ ਕੇ ਰੱਖੀਂ। ਜਹਾਜ਼ ਵੀ ਨਵਾਂ ਬਣਨਾ ਤੇਰੇ ਲਈ। ਝੜੰਮ ਕਿਸੇ ਥਾਂ ਦੀ। ਜਾਤ ਦੀ ਕੋਹੜ ਕਿਰਲੀ ਤੇ ਸ਼ਤੀਰਾਂ ਨੂੰ ਜੱਫੇ। ਭੈਣ...।”[4]

ਇਨ੍ਹਾਂ ਬੋਲਾਂ ਰਾਹੀਂ ਲੇਖਕਾ ਕਹਾਣੀ ਵਿੱਚ ਜਾਗੀਰੂ ਪ੍ਰਬੰਧ ਦੀ ਹਉਂ ਦਾ ਪ੍ਰਚੰਡ ਪ੍ਰਗਟਾਵਾ ਕਰਦੀ ਹੈ ਕਿ ਉੱਚ ਜਾਤ ਦਾ ਮਰਦ ਨਿਮਨ ਜਮਾਤ ਦੀ ਔਰਤ ਨੂੰ ਨੋਚਣ ਦਾ ਜੱਦੀ ਪੁਸ਼ਤੀ ਅਖ਼ਤਿਆਰ ਮੰਨਦਾ ਹੈ ਪਰੰਤੂ ਉਸ ਦੁਆਰਾ ਆਪਣੇ ਜੀਵਨ ਸਤਰ ਨੂੰ ਉੱਚਾ ਚੁੱਕਣ ਲਈ ਕੀਤੇ ਜਾ ਰਹੇ ਯਤਨਾਂ ਨੂੰ ਉਹ ਆਪਣੀ ਹਉਂ ਅਤੇ ਮਰਦਾਨਗੀ ਨਾਲ ਭੰਨ-ਤੋੜ ਕੇ ਰੱਖ ਦਿੰਦਾ ਹੈ। ਲੇਖਕਾ ਇਸ ਕਹਾਣੀ ਵਿੱਚ ਕਈ ਸਵਾਲ ਖੜ੍ਹੇ ਕਰਦੀ ਹੈ। ਪਹਿਲਾ ਇਹ ਕਿ ਜਦੋਂ ਰਾਖੀ ਬਚਿੱਤਰ ਸਿੰਘ ਦੁਆਰਾ ਕੀਤੇ ਜਿਸਮਾਨੀ ਸ਼ੋਸ਼ਣ ਬਾਰੇ ਆਪਣੇ ਪਤੀ ਚਰਨੇ ਨੂੰ ਦੱਸਦੀ ਹੈ ਤਾਂ ਉਸ ਦਾ ਕੀ ਪ੍ਰਤੀਕਰਮ ਸੀ? ਦੂਜਾ ਰਾਖੀ ਦਾ ਮਾਨਸਿਕ ਤਵਾਜ਼ਨ ਬਾਹਰੀ ਸੱਟ ਕਾਰਨ ਹਿਲਦਾ ਹੈ ਜਾਂ ਮਾਨਸਿਕ ਸੱਟ ਕਾਰਨ? ਇਸ ਕਹਾਣੀ ਵਿੱਚ ਲੇਖਕਾ ਇਹ ਸਿੱਧ ਕਰਦੀ ਹੈ ਕਿ ਭਾਰਤੀ ਸਮਾਜ ਵਿੱਚੋਂ ਜਾਤੀਗਤ ਵਖਰੇਵੇਂ ਕਿਸੇ ਵੀ ਸਦੀ ਵਿੱਚ ਖ਼ਤਮ ਨਹੀਂ ਹੋ ਸਕਦੇ। ਇਸ ਦੇ ਉਲਟ ‘ਬਦਲਦੇ ਰਿਸ਼ਤੇ’ ਕਹਾਣੀ ਵਿੱਚ ਲੇਖਕਾ ਸੀਰੀ ਤੇ ਮਾਲਕ ਵਿਚਲੇ ਭੇਦ ਨੂੰ ਪਰਵਾਸ ਦੀ ਧਰਤੀ ’ਤੇ ਖ਼ਤਮ ਹੁੰਦੇ ਵਿਖਾਉਂਦੀ

ਹੈ। ਉਹ ਸਲਾਹੁੰਦੀ ਹੈ ਕਿ ਇਨ੍ਹਾਂ ਮੁਲਕਾਂ ਵਿੱਚ ਜਾਤ-ਪਾਤ ਨਹੀਂ ਬਲਕਿ ਕਿਰਤ ਦਾ ਮਹੱਤਵ ਵਧੇਰੇ ਹੈ।

'ਮੈਂ ਇੱਕ ਚੰਗੀ ਮਾਂ ਹਾਂ' ਕਹਾਣੀ ਦਾ ਸਿਰਲੇਖ ਸੰਕੇਤ ਕਰਦਾ ਹੈ ਕਿ ਔਰਤ ਦੇ ਧੀ, ਭੈਣ ਅਤੇ ਪਤਨੀ ਦੇ ਰੂਪ ਨੂੰ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ ਹੋਵੇਗਾ। ਕਹਾਣੀ ਜਿੱਥੇ ਔਰਤ ਦੀ ਜੱਦੋ-ਜਹਿਦ ਨੂੰ ਪ੍ਰਸਤੁਤ ਕਰਦੀ ਹੈ, ਉੱਥੇ ਨਾਲ ਹੀ ਇਹ ਸਵਾਲ ਖੜ੍ਹਾ ਕਰਦੀ ਹੈ ਕਿ ਔਰਤ ਦੀ ਸ਼ਨਾਖ਼ਤ ਦਾ ਆਧਾਰ ਕੀ ਹੈ? ਪੜ੍ਹ-ਲਿਖ ਕੇ ਕਹਾਣੀ ਵਿਚਲੀ ਪਾਤਰ ਦਵਿੰਦਰ ਸ਼ਰਾਬੀ ਪਤੀ ਦੇ ਹਿੰਸਕ ਵਿਹਾਰ ਨੂੰ ਸਹਿੰਦੀ ਹੈ। ਸਥਿਤੀ ਦਾ ਦੁਖਾਂਤ ਇਹ ਹੈ ਕਿ ਮਾਪੇ ਵੀ ਪਤੀ ਦੇ ਵਿਹਾਰ ਨੂੰ ਤਰਕਮਈ ਢੰਗ ਨਾਲ ਜਾਇਜ਼ ਕਰਾਰ ਦਿੰਦੇ ਹਨ:

> "... ਬੱਸ ਘਰਦਿਆਂ ਨੇ ਜਾਇਦਾਦ ਹੀ ਦੇਖੀ। ਕਿਸੇ ਨੇ ਦੱਸਿਆ ਵੀ ਸੀ ਕਿ ਮੁੰਡਾ ਸ਼ਰਾਬੀ ਕਬਾਬੀ ਹੈ ਪਰ ਮੇਰਾ ਬਾਪੂ ਏਹੀ ਕਹੀ ਜਾਵੇ, ਬਈ ਵੱਡੇ ਘਰਾਂ ਦੇ ਮੁੰਡੇ-ਖੁੰਡੇ ਪੀਂਦੇ ਹੀ ਹੁੰਦੇ ਆ। ਆਪੇ ਹਟ ਜਾਊ, ਜਦੋਂ ਕਬੀਲਦਾਰੀ ਗਲ਼ ਪੈ ਗਈ।"[5]

ਔਰਤ ਕੋਲ ਨਿੱਜੀ ਜ਼ਿੰਦਗੀ ਲਈ ਫ਼ੈਸਲੇ ਲੈਣ ਦਾ ਅਖ਼ਤਿਆਰ ਨਹੀਂ ਹੈ। ਭਾਰਤੀ ਪਿੱਤਰੀ ਸੱਤਾ ਵਾਲੇ ਸਮਾਜ ਵਿੱਚ ਮਰਦ ਕਿਸੇ ਵੀ ਰਿਸ਼ਤੇ ਦੇ ਰੂਪ ਵਿੱਚ ਹੋਵੇ, ਉਹ ਔਰਤ ਦੇ ਫ਼ੈਸਲਿਆਂ ਨੂੰ ਪ੍ਰਭਾਵਿਤ ਕਰਦਾ ਹੈ, ਭਾਵੇਂ ਉਹ ਪਿਤਾ ਹੋਵੇ ਜਾਂ ਭਰਾ। ਲੇਖਕਾ ਔਰਤ ਨੂੰ ਸੰਦੇਸ਼ ਦਿੰਦੀ ਪ੍ਰਤੀਤ ਹੁੰਦੀ ਹੈ ਕਿ ਇੱਕ ਤਾਂ ਵਿਆਹੁਤਾ ਜੀਵਨ ਵਿੱਚ ਪੇਕੇ ਪਰਿਵਾਰ ਦੀ ਘੁਸਪੈਠ ਨਹੀਂ ਹੋਣ ਦੇਣੀ ਚਾਹੀਦੀ, ਦੂਜਾ ਪਰਵਾਸ ਜਾਣ ਦੀ ਜਬਰੀ ਇੱਛਾ ਰਿਸ਼ਤਿਆਂ ਵਿਚਲੀ ਸੰਵੇਦਨਸ਼ੀਲਤਾ ਨੂੰ ਖ਼ਤਮ ਕਰ ਦਿੰਦੀ ਹੈ।

'ਕੁਰਬਾਨੀ' ਕਹਾਣੀ ਵਿੱਚ ਵੀ ਪਿਤਰਕੀ ਸੱਤਾ ਦੀ ਹਉਮੈ ਦਾ ਪ੍ਰਭਾਵ ਪ੍ਰਤੱਖ ਦੇਖਿਆ ਜਾ ਸਕਦਾ ਹੈ। ਔਰਤ ਦੇ 21ਵੀਂ ਸਦੀ ਵਿੱਚ ਪ੍ਰਵੇਸ਼ ਕਰ ਲੈਣ ਨਾਲ, ਪੜ੍ਹ-ਲਿਖ ਲੈਣ ਨਾਲ ਜਾਂ ਵਿਦੇਸ਼ ਜਾ ਕੇ ਵੱਸ ਜਾਣ ਦੇ ਬਾਵਜੂਦ ਦੁਖਾਂਤ ਘੱਟਦਾ ਨਹੀਂ। ਪਿੰਡ ਵਿੱਚ ਔਰਤ ਮਾਂ-ਪਿਉ ਕੋਲੋਂ ਕੁੱਟ ਖਾਂਦੀ ਸੀ, ਵਿਦੇਸ਼ ਵਿੱਚ ਧੀ ਆਪਣੇ ਘਰਵਾਲੇ ਤੋਂ। ਭਾਰਤ ਦੀ ਕਰਾਇਮ ਬਿਊਰੋ ਦੀ 2020 ਦੀ ਰਿਪੋਰਟ ਵਿੱਚ ਔਰਤਾਂ ਨਾਲ ਹੁੰਦੇ ਸ਼ੋਸ਼ਣ ਦੇ 3 ਲੱਖ 71 ਹਜ਼ਾਰ 503 ਕੇਸ ਦਰਜ ਕੀਤੇ ਗਏ, ਜਿਨ੍ਹਾਂ ਵਿੱਚੋਂ 30% ਤੋਂ ਜ਼ਿਆਦਾ ਕੇਸਾਂ ਵਿਚ ਪਤੀ ਜਾਂ ਉਸਦੇ ਰਿਸ਼ਤੇਦਾਰ ਦੋਸ਼ੀ ਸਨ। ਅਣਦਰਜ ਕੀਤੇ ਕੇਸਾਂ ਦੀ ਗਿਣਤੀ ਦਾ ਅਸੀਂ ਅੰਦਾਜ਼ਾ ਵੀ ਨਹੀਂ ਲਗਾ ਸਕਦੇ। ਸਥਿਤੀ ਦਾ ਦੁਖਾਂਤ ਇਹ ਹੈ ਕਿ ਔਰਤ ਦੀ ਸਥਿਤੀ ਕਿਸੇ ਵੀ ਸਮਾਜ, ਕਿਸੇ ਵੀ ਮੁਲਕ ਵਿੱਚ ਬਦਲਦੀ ਨਹੀਂ।

ਲੇਖਕਾ ਆਪਣੀਆਂ ਕਹਾਣੀਆਂ ਵਿੱਚ ਪਿੱਤਰੀ ਸਮਾਜ ਦੁਆਰਾ ਔਰਤ ’ਤੇ ਲੱਗੀਆਂ ਬੰਦਿਸ਼ਾਂ ਦੀ ਪੋਲ ਖੋਲ੍ਹਦੀ ਹੈ। ‘ਖੇਤ ਦੀ ਨੁੱਕਰੇ’ ਕਹਾਣੀ ਵਿੱਚ ਵੀ ਇਹ ਮਸਲਾ ਕੇਂਦਰ ਵਿੱਚ ਹੈ ਪਰੰਤੂ ਪਰਿਪੇਖ ਵਿਲੱਖਣ ਹੈ। ਇਸ ਕਹਾਣੀ ਵਿੱਚ ਔਰਤ ਨੂੰ ਬੰਦਿਸ਼ਾਂ ਵਿੱਚ ਬੰਨਣ ਦਾ ਕਾਰਜ ਔਰਤ ਹੀ ਕਰਦੀ ਹੈ। ਕਹਾਣੀ ਉਸ ਔਰਤ ਦੇ ਅਵਚੇਤਨ ਤੇ ਵਿਹਾਰ ਨੂੰ ਕੇਂਦਰ ਵਿੱਚ ਲਿਆਉਂਦੀ ਹੈ ਜੋ ਬੰਦਿਸ਼ਾਂ ਸਹਿੰਦੀ ਪਿੱਤਰੀ ਸੱਤਾ ਦੇ ਪ੍ਰਭਾਵ ਨੂੰ ਕਬੂਲ ਲੈਂਦੀ ਹੈ ਤੇ ਮਰਦ ਤੋਂ ਪਹਿਲੇ ਆਪ ਹੀ ਔਰਤ ਨੂੰ ਦਬਾਉਣ ਦਾ ਸਾਧਨ ਬਣ ਜਾਂਦੀ ਹੈ। ਕਹਾਣੀ ਵਿਚਲੀ ਤਾਈ ਪਾਤਰ ਰਾਣੀ ਨੂੰ ਮੱਖਣ ਖਾਣੋਂ ਵਰਜਦੀ ਹੈ। ਚਾਰ ਜਮਾਤਾਂ ਤੋਂ ਅੱਗੇ ਪੜ੍ਹਨੋਂ ਵਰਜਦੀ ਹੈ। ਘਰੋਂ ਬਾਹਰ ਇਕੱਲਿਆਂ ਜਾਣ ਤੋਂ ਵਰਜਦੀ ਹੈ। ਇੰਝ ਇਹ ਕਹਾਣੀ ਸਪੱਸ਼ਟ ਕਰਦੀ ਹੈ ਕਿ ਔਰਤ ’ਤੇ ਲੱਗੀਆਂ ਇਨ੍ਹਾਂ ਬੰਦਿਸ਼ਾਂ ਦੇ ਫ਼ੈਸਲਿਆਂ ਵਿੱਚ ਮਰਦ ਧਿਰ ਗ਼ੈਰ ਹਾਜ਼ਰ ਹੈ ਪ੍ਰੰਤੂ ਉਸ ਦੀ ਦਾਬੇ ਵਾਲੀ ਸੁਰ ਨੂੰ ਔਰਤ ਅਗਾਂਹ ਤੋਰਦੀ ਹੈ। ਇਸ ਸਥਿਤੀ ਵਿੱਚ ਲੇਖਕਾ ਸੁਚੇਤ ਰੂਪ ਵਿੱਚ ਬਜ਼ੁਰਗ ਤਾਈ ਦੀ ਸੇਵਾ ਦਾ ਫ਼ਰਜ਼ ਉਨ੍ਹਾਂ ਧੀਆਂ ਹੱਥੋਂ ਪੂਰੇ ਹੁੰਦੇ ਪ੍ਰਸਤੁਤ ਕਰਦੀ ਹੈ ਜੋ ਤਮਾਮ ਉਮਰ ਤਾਈ ਦੇ ਫ਼ੈਸਲਿਆਂ ਕਾਰਨ ਕਈ ਅਧਿਕਾਰਾਂ ਤੋਂ ਵੰਚਿਤ ਰਹੀਆਂ ਸਨ। ਇੰਝ ਲੇਖਕਾ ਸਰੱਬਗ ਬਿਰਤਾਂਤਕਾਰ ਵਜੋਂ ਹਾਜ਼ਰ ਰਹਿੰਦੀ ਹੋਈ ਕਹਾਣੀ ਨੂੰ ਆਪਣੀ ਪਕੜ ਵਿੱਚ ਰੱਖਦੀ ਹੈ। ਲੇਖਕਾਂ ਦੀਆਂ ਹੋਰ ਕਹਾਣੀਆਂ ਵਾਂਗ ਇਸ ਕਹਾਣੀ ਵਿੱਚ ਮੱਖਣਾਂ ਨਾਲ ਪਾਲੇ ਪੁੱਤ ਤੇ ਨੂੰਹ ਪਰਿਵਾਰਕ ਜ਼ਿੰਮੇਵਾਰੀਆਂ ਤੋਂ ਭਾਂਜਵਾਦੀ ਰਵੱਈਆ ਅਖ਼ਤਿਆਰ ਕਰਦੇ ਹਨ। ‘ਗੁਨਾਹ’ ਕਹਾਣੀ ਵਿੱਚ ਵੀ ਪੁੱਤਰ ਨਸ਼ਿਆਂ ’ਚ ਡੁੱਬਾ ਹੈ ਤੇ ਔਰਤ ਘਰ ਚਲਾਉਂਦੀ ਹੈ।

‘ਕੀ ਲੋੜ ਹੈ ਪਾਪੜ ਵੇਲਣ ਦੀ’ ਕਹਾਣੀ ਵਿਦੇਸ਼ ਜਾਣ ਦੀ ਮਜ਼ਬੂਰੀ, ਬਿਹਤਰ ਭਵਿੱਖ ਦੀ ਤਲਾਸ਼ ਲਈ ਜਦੋ-ਜਹਿਦ ਤਹਿਤ ਮਨੁੱਖ ਹੱਥੋਂ ਨੈਤਿਕਤਾ ਦੇ ਹੁੰਦੇ ਉਲੰਘਣ ਨੂੰ ਉਘਾੜਦੀ ਹੈ। ਲੇਖਕਾ ਸਿਸਟਮ ’ਤੇ ਤਨਜ਼ ਕਰਦੀ ਹੈ ਕਿ ਜੇ ਦੇਸ਼ ਹੀ ਆਪਣੇ ਵਸਨੀਕਾਂ ਨੂੰ ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰੇ ਤਾਂ ਹੋਰ ਪਾਪੜ ਵੇਲਣ ਦੀ ਜ਼ਰੂਰਤ ਖ਼ਤਮ ਹੋ ਜਾਂਦੀ ਹੈ। ‘ਤਿੰਨ ਪੀੜ੍ਹੀਆਂ’ ਕਹਾਣੀ ਪੰਜਾਬ ਸੰਕਟ ਦੇ ਸਮੇਂ ਲੋਕਾਂ ਨੂੰ ਜਿਸ ਤਸ਼ੱਦਦ ਦਾ ਸਾਹਮਣਾ ਕਰਨਾ ਪਿਆ ਸੀ, ਨੂੰ ਆਧਾਰ ਬਣਾਉਂਦੀ ਹੈ। ਲੇਖਕਾ ਪੰਜਾਬ ਦੇ ਭਵਿੱਖ ਪ੍ਰਤੀ ਚਿੰਤਾਜਨਕ ਵਰਤਾਰਿਆਂ ਤੋਂ ਆਹਤ ਹੈ ਤੇ ਉਸ ਦੀ ਪੰਜਾਬ ਦੇ ਭਵਿੱਖ ਪ੍ਰਤੀ ਚਿੰਤਾ ਇਨ੍ਹਾਂ ਬੋਲਾਂ ਤੋਂ ਭਲੀਭਾਂਤ ਸਪੱਸ਼ਟ ਹੋ ਜਾਂਦੀ ਹੈ:

> ‘ਮਾਂ ਇਹ ਕੇਵਲ ਸਾਡਾ ਦੁਖਾਂਤ ਨਹੀਂ। ਇਹ ਸਾਰੇ ਪੰਜਾਬ ਦਾ ਦੁਖਾਂਤ ਹੈ। ਇੱਕ ਪੀੜ੍ਹੀ ਸਾਡੀ ਅਤਿਵਾਦ ਨੇ ਖਾ ਲਈ, ਦੂਸਰੀ ਨਸ਼ਿਆਂ ਨੇ ਤੇ ਤੀਸਰੀ ਬਾਹਰਲੇ ਮੁਲਕਾਂ ਨੂੰ ਜਾਣ ਦੇ ਰੁਝਾਨ ਨੇ।’[6]

ਲੇਖਕਾ ਕੋਲ ਪੰਜਾਬ ਤੇ ਕੈਨੇਡਾ ਦਾ ਜੀਵਨ-ਅਨੁਭਵ ਹੈ। ਉਹ ਇਸ ਅਨੁਭਵ ਦੇ ਭਿੰਨ-ਭਿੰਨ ਪਾਸਾਰਾਂ ਨੂੰ ਬੜੀ ਸਹਿਜਤਾ ਤੇ ਗਹਿਨ ਦ੍ਰਿਸ਼ਟੀ ਸਹਿਤ ਪ੍ਰਸਤੁਤ ਕਰਦੀ ਹੈ। ਇਨ੍ਹਾਂ ਮਸਲਿਆਂ ਨੂੰ ਛੂਹਣ ਲਈ ਲੇਖਕਾ ਕਈ ਜੁਗਤਾਂ ਦੀ ਵਰਤੋਂ ਬਾਰ-ਬਾਰ ਕਰਦੀ ਹੈ। ਸੰਗ੍ਰਹਿ ਦੀਆਂ ਤਮਾਮ ਕਹਾਣੀਆਂ ਸਿੱਟਾ ਸਹਿਤ ਹਨ, ਜਿਸ ਕਾਰਨ ਕਈ ਥਾਈਂ ਲੇਖਕਾ ਦੇ ਸਰਬੱਗ ਬਿਰਤਾਂਤਕਾਰ ਹੋਣ ਦਾ ਝਾਉਲਾ ਪੈਂਦਾ ਹੈ। ਪਰਿਸਥਿਤੀ ਦਾ ਨਾਟਕੀ ਢੰਗ ਨਾਲ ਉਲਟਾ, ਤਣਾਉ ਦੀ ਗ਼ੈਰ-ਹਾਜ਼ਰੀ ਪਾਤਰ ਦੀ ਮੌਤ ਦਾ ਕਹਾਣੀ ਦੇ ਅੰਤ ਦੀ ਵਜ੍ਹਾ ਬਣਨਾ, ਘਟਨਾਵਾਂ ਦਾ ਦੁਹਰਾਉ (ਮੈਂ ਇੱਕ ਚੰਗੀ ਮਾਂ ਹਾਂ ਤੇ ਦੇਵਤੇ ਕਹਾਣੀਆਂ ਵਿਚਲੇ ਵੇਰਵਿਆਂ ਵਿੱਚ ਕਈ ਥਾਈਂ ਇੰਨੀ ਸਮਾਨਤਾ ਹੈ ਕਿ ਇੰਝ ਪ੍ਰਤੀਤ ਹੋਣ ਲੱਗਦਾ ਹੈ ਜਿਵੇਂ ਇੱਕ ਬਿਰਤਾਂਤ ਨੂੰ ਆਧਾਰ ਬਣਾ ਕੇ ਦੋ ਕਹਾਣੀਆਂ ਲਿਖੀਆਂ ਗਈਆਂ ਹੋਣ) ਉਦੇਸ਼ਾਤਮਕ ਸੁਰ ਤੇ ਮੌਕਾ-ਮੇਲ ਜਿਹੀਆਂ ਜੁਗਤਾਂ ਦੀ ਵਰਤੋਂ ਕਰਕੇ ਲੇਖਕਾ ਉਸ ਤਣਾਉ ਤੇ ਜਟਿਲਤਾ ਨੂੰ ਪ੍ਰਸਤੁਤ ਨਹੀਂ ਕਰਦੀ, ਜਿਸ ਨਾਲ ਵਰਤਮਾਨ ਮਨੁੱਖ ਜੂਝ ਰਿਹਾ ਹੈ। ਇਸ ਦੇ ਬਾਵਜੂਦ ਲੇਖਕਾ ਮਨੁੱਖ ਦੀ ਸ਼ਨਾਖ਼ਤ ਨੂੰ ਦਰਪੇਸ਼ ਸੰਕਟ ਉਸ ਦੀਆਂ ਬੇਬਸੀਆਂ, ਲਚਾਰਗੀਆਂ ਤੇ ਮਜ਼ਬੂਰੀਆਂ ਨੂੰ ਵਿਸ਼ਵੀ ਪੱਧਰ ’ਤੇ ਚਿਤਰਣ ਵਿੱਚ ਸਫ਼ਲ ਰਹਿੰਦੀ ਹੈ।

## ਹਵਾਲੇ ਤੇ ਟਿੱਪਣੀਆਂ


1. ਸੁਰਿੰਦਰ ਗੀਤ, ਤੋਹਫ਼ਾ, ਪੰਨਾ 21.
2. ਉਹੀ, ਪੰਨਾ 23.
3. ਉਹੀ, ਪੰਨੇ 42-43.
4. ਉਹੀ, ਪੰਨਾ 50.
5. ਉਹੀ, ਪੰਨਾ 77.
6. ਉਹੀ, ਪੰਨਾ 144.